**ਵਾਚਕ:** ਇਸ ਵੀਡੀਓ ਵਿੱਚ ਰਫ਼ਿਊਜੀ ਦਾਅਵੇ ਦੀਆਂ ਸੁਣਵਾਈਆਂ ਬਾਰੇ ਸਹਾਇਕ ਜਾਣਕਾਰੀ ਹੈ। ਹੋਰ ਵੇਰਵੇ ਅਤੇ ਅੱਪਡੇਟ ਸਾਡੀ ਵੈੱਬਸਾਈਟ [irb.gc.ca](irb.gc.ca) 'ਤੇ ਉਪਲਬਧ ਹਨ।

---

**ਸੰਗੀਤ:** ਵੀਡੀਓ ਦੌਰਾਨ ਹਲਕਾ ਜਿਹਾ ਬੈਕਗ੍ਰਾਊਂਡ ਸੰਗੀਤ ਚਲਦਾ ਹੈ।

---

**ਵਾਚਕ:** ਹੁਣ ਜਦੋਂ ਤੁਸੀਂ ਆਪਣਾ ਰਫ਼ਿਊਜੀ ਦਾਅਵਾ ਕਰ ਲਿਆ ਹੈ, ਤਾਂ ਰਫ਼ਿਊਜੀ ਪ੍ਰੋਟੈਕਸ਼ਨ ਡਿਵੀਜ਼ਨ ਜਾਂ RPD ਦੀਆਂ ਕੁਝ ਪ੍ਰਕਿਰਿਆਵਾਂ ਅਤੇ ਕਾਰਜਵਿਧੀਆਂ ਬਾਰੇ ਤੁਹਾਡੇ ਕੁਝ ਸਵਾਲ ਹੋ ਸਕਦੇ ਹਨ। ਇਹ ਵੀਡੀਓ ਫਾਰਮ ਅਤੇ ਦਸਤਾਵੇਜ਼ ਜਮ੍ਹਾਂ ਕਰਦੇ ਸਮੇਂ ਜਾਂ ਤੁਹਾਡੀ ਸੁਣਵਾਈ ਦਾ ਸਮਾਂ ਨਿਧਾਰਤ ਕਰਦੇ ਸਮੇਂ ਤੁਹਾਡੇ ਕੁਝ ਵਿਕਲਪਾਂ ਨੂੰ ਬਿਹਤਰ ਢੰਗ ਨਾਲ ਸਮਝਣ ਵਿੱਚ ਤੁਹਾਡੀ ਮਦਦ ਕਰਨ ਲਈ ਜਵਾਬ ਪ੍ਰਦਾਨ ਕਰਦਾ ਹੈ।

ਜਦੋਂ ਤੁਹਾਡਾ ਦਾਅਵਾ RPD ਕੋਲ ਭੇਜਿਆ ਗਿਆ ਸੀ, ਤਾਂ ਤੁਹਾਨੂੰ *ਬੇਸਿਸ ਔਫ ਕਲੇਮ ਫਾਰਮ*, ਯਾਨੀ ਉਹ ਫਾਰਮ ਜੋ ਤੁਹਾਡੇ ਦਾਅਵੇ ਦਾ ਆਧਾਰ ਹੈ ਨਾਲ *ਰੈਫਰਲ ਦਾ ਪੁਸ਼ਟੀਕਰਨ* (*Confirmation of Referral*) ਪੱਤਰ ਦਿੱਤਾ ਗਿਆ ਹੋਣਾ ਹੈ। ਤੁਸੀਂ ਆਪਣੇ ਰਫ਼ਿਊਜੀ ਦਾਅਵੇ ਬਾਰੇ ਜਾਣਕਾਰੀ ਪ੍ਰਦਾਨ ਕਰਨ ਲਈ ਬੇਸਿਸ ਔਫ ਕਲੇਮ ਫਾਰਮ ਦੀ ਵਰਤੋਂ ਕਰੋਗੇ, ਜਿਸ ਵਿੱਚ ਇਹ ਵੇਰਵੇ ਵੀ ਸ਼ਾਮਲ ਹਨ ਕਿ ਤੁਸੀਂ ਕੌਣ ਹੋ ਅਤੇ ਤੁਸੀਂ ਕੈਨੇਡਾ ਵਿੱਚ ਸੁਰੱਖਿਆ ਕਿਉਂ ਮੰਗ ਰਹੇ ਹੋ।

---

**ਵਾਚਕ:** ਇਹ ਕੁਝ ਸਵਾਲ ਹਨ ਜੋ ਤੁਹਾਡੇ ਮਨ ਵਿੱਚ ਆ ਸਕਦੇ ਹਨ।

ਜੇਕਰ ਤੁਹਾਨੂੰ ਆਪਣਾ ਬੇਸਿਸ ਔਫ ਕਲੇਮ ਫਾਰਮ RPD ਨੂੰ ਭੇਜਣ ਲਈ ਕਿਹਾ ਗਿਆ ਸੀ, ਤਾਂ ਇਹ ਬਹੁਤ ਮਹੱਤਵਪੂਰਨ ਹੈ ਕਿ ਤੁਸੀਂ ਤੁਹਾਡੇ ਦਾਅਵੇ ਨੂੰ RPD ਨੂੰ ਭੇਜਣ ਦੇ ਦਿਨ ਤੋਂ 45 ਕੈਲੰਡਰ ਦਿਨਾਂ ਦੇ ਅੰਦਰ ਫਾਰਮ ਭੇਜੋ।

ਜੇਕਰ ਤੁਹਾਨੂੰ ਆਖਰੀ ਮਿਤੀ ਨਹੀਂ ਮਿਲ ਰਹੀ ਹੈ ਜਾਂ ਤੁਸੀਂ ਅਨਿਸ਼ਚਿਤ ਹੋ, ਤਾਂ ਕਿਰਪਾ ਕਰਕੇ RPD ਨਾਲ ਸੰਪਰਕ ਕਰੋ। ਸਾਡੀ ਸੰਪਰਕ ਜਾਣਕਾਰੀ ਇਮੀਗ੍ਰੇਸ਼ਨ ਐਂਡ ਰਫਿਊਜੀ ਬੋਰਡ ਆਫ਼ ਕੈਨੇਡਾ ਜਾਂ IRB ਦੀ ਵੈੱਬਸਾਈਟ 'ਤੇ ਮਿਲ ਸਕਦੀ ਹੈ।

---

**ਵਾਚਕ:** ਜੇਕਰ ਤੁਸੀਂ ਚਿੰਤਤ ਹੋ ਕਿ ਤੁਸੀਂ ਆਪਣਾ ਬੇਸਿਸ ਔਫ ਕਲੇਮ ਫਾਰਮ **ਆਖਰੀ ਮਿਤੀ ਤੱਕ** ਪ੍ਰਾਪਤ ਨਹੀਂ ਕਰ ਸਕੋਗੇ, ਤਾਂ ਤੁਸੀਂ ਵਾਧੂ ਸਮਾਂ ਮੰਗ ਸਕਦੇ ਹੋ। IRB ਵੈੱਬਸਾਈਟ 'ਤੇ ਦਿੱਤੇ ਫਾਰਮ ਦੀ ਵਰਤੋਂ ਕਰਕੇ ਦੱਸੋ ਕਿ ਤੁਹਾਨੂੰ ਹੋਰ ਸਮਾਂ ਕਿਉਂ ਚਾਹੀਦਾ ਹੈ ਅਤੇ ਬੇਸਿਸ ਔਫ ਕਲੇਮ ਫਾਰਮ ਨੂੰ ਭਰਨ ਲਈ ਤੁਹਾਨੂੰ ਕਿੰਨਾ ਵਾਧੂ ਸਮਾਂ ਚਾਹੀਦਾ ਹੈ। RPD ਸਿਰਫ਼ ਵਿਸ਼ੇਸ਼ ਹਾਲਾਤਾਂ ਵਿੱਚ ਹੀ ਸਮੇਂ ਵਿੱਚ ਵਾਧੇ ਮਨਜ਼ੂਰ ਕਰੇਗੀ।

ਜੇਕਰ ਤੁਹਾਡੇ ਕੋਲ ਮਦਦ ਕਰਨ ਲਈ ਕੋਈ ਵਕੀਲ ਨਹੀਂ ਹੈ ਜਾਂ ਤੁਹਾਡੇ ਕੋਲ ਫਾਰਮ ਲੱਭਣ ਲਈ ਕੰਪਿਊਟਰ ਤੱਕ ਪਹੁੰਚ ਨਹੀਂ ਹੈ, ਤਾਂ ਤੁਸੀਂ RPD ਨੂੰ ਇਹ ਦੱਸਦੇ ਹੋਏ ਇੱਕ ਪੱਤਰ ਲਿਖ ਸਕਦੇ ਹੋ ਕਿ ਤੁਹਾਨੂੰ ਹੋਰ ਸਮਾਂ ਕਿਉਂ ਚਾਹੀਦਾ ਹੈ। RPD ਦਾ ਇੱਕ ਮੈਂਬਰ ਤੁਹਾਡੀ ਵਿਆਖਿਆ ਦੀ ਸਮੀਖਿਆ ਕਰੇਗਾ, ਫਿਰ ਤੁਹਾਡੀ ਅਰਜ਼ੀ 'ਤੇ ਫੈਸਲਾ ਲਵੇਗਾ। ਉਹ ਤੁਹਾਨੂੰ ਆਪਣਾ ਫੈਸਲਾ ਦੱਸਣਗੇ।

---

**ਵਾਚਕ:** ਜੇਕਰ ਤੁਸੀਂ **ਆਖਰੀ ਮਿਤੀ ਤੱਕ** ਆਪਣਾ ਬੇਸਿਸ ਔਫ ਕਲੇਮ ਫਾਰਮ ਨਹੀਂ ਭੇਜ ਸਕੇ ਅਤੇ RPD ਨੇ

ਤੁਹਾਨੂੰ ਫਾਰਮ ਭੇਜਣ ਲਈ ਹੋਰ ਸਮਾਂ ਨਹੀਂ ਦਿੱਤਾ ਹੈ, ਤਾਂ ਤੁਹਾਡੇ ਲਈ ਦਾਅਵੇ ਨੂੰ ਤਿਆਗ ਦੇਣ (abandonment), ਬਾਰੇ ਇੱਕ ਵਿਸ਼ੇਸ਼ ਸੁਣਵਾਈ ਵਿੱਚ ਸ਼ਾਮਲ ਹੋਣਾ ਜ਼ਰੂਰੀ ਹੈ।

ਇਸ ਸੁਣਵਾਈ 'ਤੇ, ਤੁਹਾਨੂੰ ਉਨ੍ਹਾਂ ਕਾਰਨਾਂ ਦੀ ਵਿਆਖਿਆ ਕਰਨੀ ਪਵੇਗੀ ਕਿ ਤੁਹਾਡਾ ਬੇਸਿਸ ਔਫ ਕਲੇਮ ਫਾਰਮ ਸਮੇਂ ਸਿਰ ਕਿਉਂ ਜਮ੍ਹਾ ਨਹੀਂ ਕੀਤਾ ਗਿਆ।

ਫਿਰ RPD ਫੈਸਲਾ ਕਰੇਗੀ ਕਿ ਕੀ ਤੁਹਾਡਾ ਦਾਅਵਾ ਜਾਰੀ ਰਹਿ ਸਕਦਾ ਹੈ ਜਾਂ ਉਸ ਨੂੰ ਤਿਆਗ ਦਿੱਤਾ ਗਿਆ ਘੋਸ਼ਿਤ ਕੀਤਾ ਜਾਵੇਗਾ।

ਜੇਕਰ ਤੁਹਾਡੇ ਦਾਅਵੇ ਨੂੰ ਤਿਆਗ ਦਿੱਤਾ ਗਿਆ ਘੋਸ਼ਿਤ ਕੀਤਾ ਜਾਂਦਾ ਹੈ, ਤਾਂ RPD ਤੁਹਾਡੀ ਫਾਈਲ ਬੰਦ ਕਰ ਦੇਵੇਗੀ ਅਤੇ ਤੁਹਾਨੂੰ ਕੈਨੇਡਾ ਵਿੱਚ ਰਫ਼ਿਊਜੀ ਸੁਰੱਖਿਆ ਲਈ ਇੱਕ ਦੂਸਰਾ ਦਾਅਵਾ ਕਰਨ ਦੀ ਇਜਾਜ਼ਤ ਨਹੀਂ ਹੋਵੇਗੀ।

---

**ਵਾਚਕ:** ਜੇਕਰ ਤੁਸੀਂ ਆਪਣੇ ਬੇਸਿਸ ਔਫ ਕਲੇਮ ਫਾਰਮ ਵਿੱਚ ਕੋਈ ਗਲਤੀ ਕੀਤੀ ਹੈ, ਜਾਂ ਕੁਝ ਮਹੱਤਵਪੂਰਨ ਸ਼ਾਮਲ ਕਰਨਾ ਭੁੱਲ ਗਏ ਹੋ, ਤਾਂ ਤੁਸੀਂ ਫਾਰਮ ਵਿੱਚ ਬਦਲਾਅ ਕਰ ਸਕਦੇ ਹੋ। ਤੁਸੀਂ ਆਪਣੇ ਦੁਆਰਾ ਪਹਿਲਾਂ ਹੀ ਜਮ੍ਹਾ ਕੀਤੇ ਗਏ ਬੇਸਿਸ ਔਫ ਕਲੇਮ ਫਾਰਮ ਦੀ ਇੱਕ ਕਾਪੀ ਦੀ ਵਰਤੋਂ ਕਰ ਸਕਦੇ ਹੋ ਅਤੇ ਉਸ ਫਾਰਮ ਵਿੱਚ ਬਦਲਾਅ ਕਰ ਸਕਦੇ ਹੋ।

ਤੁਹਾਡੇ ਦੁਆਰਾ ਬਦਲੀ ਗਈ ਜਾਂ ਸ਼ਾਮਲ ਕੀਤੀ ਗਈ ਜਾਣਕਾਰੀ ਨੂੰ ਰੇਖਾਂਕਿਤ ਕਰਨਾ ਯਕੀਨੀ ਬਣਾਓ, ਅਤੇ ਜੋ ਵੀ ਤੁਸੀਂ ਹਟਾਉਣਾ ਚਾਹੁੰਦੇ ਹੋ ਉਸਨੂੰ ਕੱਟ ਦਿਓ। ਜੇਕਰ ਤੁਸੀਂ ਆਪਣੇ ਅੱਪਡੇਟ ਕੀਤੇ ਫਾਰਮ ਨੂੰ ਇਲੈਕਟ੍ਰਾਨਿਕ ਤਰੀਕੇ ਨਾਲ, ਜਿਵੇਂ ਕਿ ਮਾਈ ਕੇਸ ਪੋਰਟਲ ਰਾਹੀਂ, ਭੇਜ ਰਹੇ ਹੋ, ਤਾਂ ਤੁਹਾਨੂੰ ਆਪਣੇ ਅੱਪਡੇਟ ਕੀਤੇ ਫਾਰਮ 'ਤੇ ਦਸਤਖਤ ਕਰਨ ਦੀ ਲੋੜ ਨਹੀਂ ਹੈ। ਹਾਲਾਂਕਿ, ਜੇਕਰ ਤੁਸੀਂ ਫਾਰਮ ਡਾਕ ਰਾਹੀਂ, ਕੋਰੀਅਰ ਰਾਹੀਂ ਜਾਂ ਵਿਅਕਤੀਗਤ ਤੌਰ 'ਤੇ ਭੇਜ ਰਹੇ ਹੋ ਤਾਂ ਤੁਹਾਡੇ ਲਈ ਉਸ 'ਤੇ ਦਸਤਖਤ ਕਰਨਾ ਜ਼ਰੂਰੀ ਹੈ। ਅੱਪਡੇਟ ਕੀਤਾ ਗਿਆ ਬੇਸਿਸ ਔਫ ਕਲੇਮ ਫਾਰਮ ਜਿੰਨੀ ਜਲਦੀ ਹੋ ਸਕੇ RPD ਨੂੰ ਭੇਜੋ। ਯਾਦ ਰੱਖੋ ਕਿ ਸਾਰੇ ਦਸਤਾਵੇਜ਼ਾਂ 'ਤੇ ਮਿਤੀ ਹੋਣਾ ਜ਼ਰੂਰੀ ਹੈ, ਭਾਵੇਂ ਉਹ ਇਲੈਕਟ੍ਰਾਨਿਕ ਤੌਰ 'ਤੇ ਜਮ੍ਹਾ ਕੀਤੇ ਗਏ ਹੋਣ।

ਇਹ ਦੇਖਣ ਲਈ ਕਿ ਕੀ ਮਾਈ ਕੇਸ ਪੋਰਟਲ ਤੁਹਾਡੇ ਲਈ ਉਪਲਬਧ ਹੈ, IRB ਦੀ ਵੈੱਬਸਾਈਟ 'ਤੇ ਜਾਓ।

ਸੁਣਵਾਈ ਦੇ ਦੌਰਾਨ, ਮੈਂਬਰ ਤੁਹਾਨੂੰ ਇਹ ਪੁਸ਼ਟੀ ਕਰਨ ਲਈ ਕਹੇਗਾ ਕਿ ਤੁਹਾਡੇ ਅੱਪਡੇਟ ਕੀਤੇ ਗਏ ਬੇਸਿਸ ਔਫ ਕਲੇਮ ਫਾਰਮ ਦੀ ਸਮੱਗਰੀ ਪੂਰੀ, ਸੱਚੀ ਅਤੇ ਸਹੀ ਹੈ।

ਤੁਹਾਡੀ ਸੁਣਵਾਈ ਦੇ ਹਿੱਸੇ ਵਜੋਂ, ਮੈਂਬਰ ਤੁਹਾਨੂੰ ਤੁਹਾਡੇ ਬੇਸਿਸ ਔਫ ਕਲੇਮ ਫਾਰਮ 'ਤੇ ਜਾਣਕਾਰੀ ਬਾਰੇ ਵੀ ਸਵਾਲ ਪੁੱਛੇਗਾ।

| | |
|---|---|
| **ਵਾਚਕ:** ਤੁਹਾਨੂੰ ਵਕੀਲ ਨਿਯੁਕਤ ਕਰਨ ਦੀ ਲੋੜ ਨਹੀਂ ਹੈ, ਪਰ ਤੁਸੀਂ ਆਪਣੀ ਰਫ਼ਿਊਜੀ ਦਾਅਵੇ ਦੀ ਪ੍ਰਕਿਰਿਆ ਦੌਰਾਨ ਕਿਸੇ ਦੀ ਮਦਦ ਲੈਣਾ ਚਾਹ ਸਕਦੇ ਹੋ। ਜੇਕਰ ਤੁਸੀਂ ਆਪਣੇ ਵਕੀਲ ਵਜੋਂ ਕਿਸੇ ਵਕੀਲ ਜਾਂ ਇਮੀਗ੍ਰੇਸ਼ਨ ਕਨਸਲਟੈਂਟ ਨੂੰ ਨਿਯੁਕਤ ਕਰਨ ਅਤੇ ਭੁਗਤਾਨ ਕਰਨ ਦਾ ਫੈਸਲਾ ਕਰਦੇ ਹੋ, ਤਾਂ ਉਹਨਾਂ ਦਾ ਲਾਇਸੰਸਸ਼ੁਦਾ ਹੋਣਾ ਜ਼ਰੂਰੀ ਹੈ।<br><br>ਕੁਝ ਥਾਵਾਂ 'ਤੇ, ਨੋਟਰੀ ਪਬਲਿਕ ਜਾਂ ਪੈਰਾਲੀਗਲ ਵੀ ਤੁਹਾਡੀ ਨੁਮਾਇੰਦਗੀ ਕਰ ਸਕਦਾ ਹੈ।<br><br>ਜਦੋਂ ਤੱਕ ਤੁਸੀਂ ਕਿਸੇ ਲੀਗਲ ਏਡ ਯਾਨੀ ਕਾਨੂੰਨੀ ਸਹਾਇਤਾ ਏਜੰਸੀ ਤੋਂ ਮਦਦ ਲਈ ਯੋਗ ਨਹੀਂ ਹੋ, ਤੁਸੀਂ ਆਪਣੇ ਵਕੀਲ ਨੂੰ ਭੁਗਤਾਨ ਕਰਨ ਲਈ ਜ਼ਿੰਮੇਵਾਰ ਹੋ।<br><br>ਜੇਕਰ ਤੁਸੀਂ ਵਕੀਲ ਲਈ ਭੁਗਤਾਨ ਨਹੀਂ ਕਰ ਸਕਦੇ, ਤਾਂ ਇਹ ਪਤਾ ਲਗਾਉਣ ਲਈ ਆਪਣੇ ਸੂਬੇ ਵਿੱਚ ਲੀਗਲ ਏਡ ਦਫਤਰ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕਰੋ ਕਿ ਤੁਹਾਡੇ ਲਈ ਕਿਹੜੀ ਮਦਦ, ਜੇਕਰ ਕੋਈ ਹੈ, ਉਪਲਬਧ ਹੈ। ਤੁਸੀਂ ਸਾਡੀ ਵੈੱਬਸਾਈਟ 'ਤੇ ਲੀਗਲ ਏਡ ਆਫਿਸ ਦਫਤਰਾਂ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।<br><br>ਜੇਕਰ ਲੀਗਲ ਏਡ ਸੰਭਵ ਨਹੀਂ ਹੈ, ਤਾਂ ਆਪਣੇ ਭਾਈਚਾਰੇ ਵਿੱਚ ਹੋਰ ਸਹਾਇਤਾ ਲੱਭਣ ਬਾਰੇ ਵਿਚਾਰ ਕਰੋ। ਇੰਟਰਨੈੱਟ 'ਤੇ "ਰਫ਼ਿਊਜੀ ਦਾਅਵੇਦਾਰ ਸਹਾਇਤਾ" ਖੋਜੋ ਅਤੇ ਉਸ ਸ਼ਹਿਰ ਜਾਂ ਕਸਬੇ ਦਾ ਨਾਮ ਸ਼ਾਮਲ ਕਰੋ ਜਿੱਥੇ ਤੁਸੀਂ ਰਹਿੰਦੇ ਹੋ। ਇਹ ਤੁਹਾਨੂੰ ਉਹਨਾਂ ਸੰਸਥਾਵਾਂ ਦੀ ਸੂਚੀ 'ਤੇ ਲੈ ਜਾਵੇਗਾ ਜੋ ਤੁਹਾਨੂੰ ਸਹਾਇਤਾ ਜਾਂ ਸਲਾਹ ਦੇ ਸਕਦੀਆਂ ਹਨ। | |
| **ਵਾਚਕ:** ਤੁਹਾਡੇ ਦਸਤਾਵੇਜ਼ ਅੰਗਰੇਜ਼ੀ ਜਾਂ ਫ੍ਰੈਂਚ ਵਿੱਚ ਜਮ੍ਹਾ ਕੀਤੇ ਜਾਣੇ ਚਾਹੀਦੇ ਹਨ।<br><br>ਜੇਕਰ ਤੁਹਾਡੇ ਕੋਈ ਵੀ ਸਹਾਇਕ ਦਸਤਾਵੇਜ਼ ਕਿਸੇ ਹੋਰ ਭਾਸ਼ਾ ਵਿੱਚ ਲਿਖੇ ਹੋਏ ਹਨ, ਤਾਂ ਤੁਹਾਡੇ ਲਈ ਉਨ੍ਹਾਂ ਦਸਤਾਵੇਜ਼ਾਂ ਦਾ ਅੰਗਰੇਜ਼ੀ ਜਾਂ ਫ੍ਰੈਂਚ ਵਿੱਚ ਅਨੁਵਾਦ ਨੱਥੀ ਕਰਨਾ ਜ਼ਰੂਰੀ ਹੈ।<br><br>ਦਸਤਾਵੇਜ਼ਾਂ ਦਾ ਅਨੁਵਾਦ ਕਿਸੇ ਵਿਅਕਤੀ ਦੁਆਰਾ ਕੀਤਾ ਜਾਣਾ ਚਾਹੀਦਾ ਹੈ ਅਤੇ ਉਸ ਵਿੱਚ ਉਸ ਅਨੁਵਾਦਕ ਦਾ ਐਲਾਨ ਸ਼ਾਮਲ ਹੋਣਾ ਚਾਹੀਦਾ ਹੈ, ਜੋ ਇਹ ਪੁਸ਼ਟੀ ਕਰਦਾ ਹੈ ਕਿ ਉਹਨਾਂ ਨੇ ਤੁਹਾਡੇ ਲਈ ਦਸਤਾਵੇਜ਼ਾਂ ਦਾ ਅਨੁਵਾਦ ਕੀਤਾ ਹੈ।<br><br>ਤੁਸੀਂ ਗੂਗਲ ਟ੍ਰਾਂਸਲੇਟ ਵਰਗੇ ਸੌਫਟਵੇਅਰ ਜਾਂ ਔਨਲਾਈਨ ਅਨੁਵਾਦ ਟੂਲਾਂ ਦੀ ਵਰਤੋਂ ਨਹੀਂ ਕਰ ਸਕਦੇ। | |
| **ਵਾਚਕ:** ਕੋਈ ਵੀ ਵਾਧੂ ਦਸਤਾਵੇਜ਼ RPD ਨੂੰ ਜਿੰਨੀ ਜਲਦੀ ਹੋ ਸਕੇ ਜਾਂ ਤੁਹਾਡੀ ਨਿਰਧਾਰਤ ਸੁਣਵਾਈ ਤੋਂ *ਘੱਟੋ-ਘੱਟ* 10 ਦਿਨ ਪਹਿਲਾਂ ਜਮ੍ਹਾਂ ਕਰਨਾ ਮਹੱਤਵਪੂਰਨ ਹੈ। | |

| |
|---|
| ਆਪਣੇ ਸਬੂਤ ਜਮ੍ਹਾਂ ਕਰਾਉਣ ਲਈ ਆਖਰੀ ਮਿਤੀ ਤੱਕ ਇੰਤਜ਼ਾਰ ਨਾ ਕਰੋ। ਜੇਕਰ ਤੁਹਾਨੂੰ ਆਪਣੀ ਸੁਣਵਾਈ ਤੋਂ 10 ਦਿਨਾਂ ਤੋਂ ਘੱਟ ਸਮੇਂ ਪਹਿਲਾਂ ਸਬੂਤ ਭੇਜਣ ਦੀ ਲੋੜ ਹੈ, ਤਾਂ ਤੁਹਾਨੂੰ ਇਜਾਜ਼ਤ ਮੰਗਣੀ ਪਵੇਗੀ। ਇਜਾਜ਼ਤ ਸਿਰਫ਼ ਵਿਸ਼ੇਸ਼ ਹਾਲਾਤਾਂ ਵਿੱਚ ਹੀ ਦਿੱਤੀ ਜਾਂਦੀ ਹੈ। ਤੁਹਾਨੂੰ *ਦੇਰ ਨਾਲ ਖੁਲਾਸਾ ਜਮ੍ਹਾਂ ਕਰਾਉਣ ਲਈ ਅਰਜ਼ੀ (Application to submit late disclosure)*, ਜੋ ਤੁਸੀਂ IRB ਵੈੱਬਸਾਈਟ 'ਤੇ ਮਿਲ ਜਾਵੇਗੀ, ਭਰਨ ਦੀ ਲੋੜ ਹੋਵੇਗੀ।<br><br>ਅਰਜ਼ੀ ਫਾਰਮ 'ਤੇ, ਤੁਹਾਨੂੰ ਸਪੱਸ਼ਟ ਤੌਰ 'ਤੇ ਦੱਸਣਾ ਪਵੇਗਾ ਕਿ ਤੁਸੀਂ ਆਪਣੀ ਸੁਣਵਾਈ ਤੋਂ 10 ਦਿਨ ਤੋਂ ਘੱਟ ਸਮੇਂ ਪਹਿਲਾਂ ਵਾਧੂ ਦਸਤਾਵੇਜ਼ ਕਿਉਂ ਜਮ੍ਹਾਂ ਕਰ ਰਹੇ ਹੋ। ਇਸ ਅਰਜ਼ੀ ਤੋਂ ਬਿਨਾਂ ਜਮ੍ਹਾਂ ਕਰਵਾਏ ਗਏ ਦਸਤਾਵੇਜ਼ਾਂ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।<br><br>ਜੇਕਰ ਤੁਹਾਡੇ ਕੋਲ ਮਦਦ ਕਰਨ ਲਈ ਕੋਈ ਵਕੀਲ ਨਹੀਂ ਹੈ ਜਾਂ ਤੁਹਾਡੇ ਕੋਲ ਅਰਜ਼ੀ ਫਾਰਮ ਲੱਭਣ ਲਈ ਕੰਪਿਊਟਰ ਤੱਕ ਪਹੁੰਚ ਨਹੀਂ ਹੈ, ਤਾਂ ਤੁਸੀਂ RPD ਨੂੰ ਇਹ ਦੱਸਦੇ ਹੋਏ ਇੱਕ ਪੱਤਰ ਲਿਖ ਸਕਦੇ ਹੋ ਕਿ ਤੁਸੀਂ ਆਪਣੀ ਸੁਣਵਾਈ ਤੋਂ 10 ਦਿਨਾਂ ਤੋਂ ਘੱਟ ਸਮੇਂ ਪਹਿਲਾਂ ਵਾਧੂ ਦਸਤਾਵੇਜ਼ ਕਿਉਂ ਜਮ੍ਹਾਂ ਕਰ ਰਹੇ ਹੋ। RPD ਦਾ ਇੱਕ ਮੈਂਬਰ ਤੁਹਾਡੀ ਵਿਆਖਿਆ ਦੀ ਸਮੀਖਿਆ ਕਰੇਗਾ, ਫਿਰ ਤੁਹਾਡੀ ਅਰਜ਼ੀ 'ਤੇ ਫੈਸਲਾ ਲਵੇਗਾ।<br><br>RPD ਤੁਹਾਨੂੰ ਆਪਣਾ ਫੈਸਲਾ ਦੱਸੇਗੀ। |
| **ਵਾਚਕ:** ਜਿਹੜੇ ਬੱਚੇ ਰਫ਼ਿਊਜੀ ਦਾਅਵੇਦਾਰ ਹਨ, ਉਹਨਾਂ ਨੂੰ ਤੁਹਾਡੀ ਸੁਣਵਾਈ ਵਿੱਚ ਹਾਜ਼ਰ ਹੋਣ ਦੀ ਲੋੜ ਨਹੀਂ ਹੈ, ਜਦੋਂ ਤੱਕ ਉਹ ਸੁਣਵਾਈ ਦੀ ਮਿਤੀ 'ਤੇ 18 ਸਾਲ ਤੋਂ ਵੱਧ ਉਮਰ ਦੇ ਹੋਣਗੇ, ਜਾਂ RPD ਉਹਨਾਂ ਨੂੰ ਉੱਥੇ ਹੋਣ ਲਈ ਨਾ ਕਹੇ।<br><br>ਸੁਣਵਾਈ ਦੀ ਮਿਤੀ ਨੂੰ 18 ਸਾਲ ਤੋਂ ਘੱਟ ਉਮਰ ਦੇ ਬੱਚੇ ਜੇਕਰ ਚਾਹੁਣ ਤਾਂ ਸੁਣਵਾਈ ਵਿੱਚ ਸ਼ਾਮਲ ਹੋ ਸਕਦੇ ਹਨ। ਵੱਡੇ ਬੱਚੇ ਕਈ ਵਾਰ ਗਵਾਹੀ ਦੇ ਕੇ ਜਾਂ ਹਾਜ਼ਰ ਹੋ ਕੇ ਯੋਗਦਾਨ ਪਾਉਣਾ ਚਾਹੁੰਦੇ ਹਨ। ਇਸ ਬਾਰੇ ਤੁਹਾਡੇ ਵਕੀਲ ਨਾਲ, ਜੇ ਤੁਹਾਡਾ ਕੋਈ ਵਕੀਲ ਹੈ, ਜਾਂ ਤੁਹਾਡੇ ਨਾਮਜ਼ਦ ਪ੍ਰਤੀਨਿਧੀ ਨਾਲ ਚਰਚਾ ਕੀਤੀ ਜਾਣੀ ਚਾਹੀਦੀ ਹੈ।<br><br>ਇੱਕ ਨਾਮਜ਼ਦ ਪ੍ਰਤੀਨਿਧੀ ਉਹ ਵਿਅਕਤੀ ਹੁੰਦਾ ਹੈ ਜੋ RPD ਦੇ ਸਾਹਮਣੇ ਪੇਸ਼ ਹੋਣ ਵਾਲੇ ਅਜਿਹੇ ਵਿਅਕਤੀ ਦੀ ਨੁਮਾਇੰਦਗੀ ਕਰਦਾ ਹੈ ਜੋ ਆਪਣੀ ਨੁਮਾਇੰਦਗੀ ਕਰਨ ਵਿੱਚ ਅਸਮਰੱਥ ਹੈ ਕਿਉਂਕਿ ਉਹ 18 ਸਾਲ ਤੋਂ ਘੱਟ ਉਮਰ ਦਾ ਹੈ ਜਾਂ ਕਾਰਵਾਈ ਦੀ ਪ੍ਰਕਿਰਤੀ ਨੂੰ ਸਮਝਣ ਵਿੱਚ ਅਸਮਰੱਥ ਹੈ। ਇੱਕ ਨਾਮਜ਼ਦ ਪ੍ਰਤੀਨਿਧੀ RPD ਦੁਆਰਾ ਨਿਯੁਕਤ ਕੀਤਾ ਜਾਂਦਾ ਹੈ। |
| **ਵਾਚਕ:** ਜੇਕਰ ਤੁਸੀਂ ਆਪਣੀ ਸੁਣਵਾਈ ਵਿੱਚ ਹਾਜ਼ਰ ਹੋਣ ਲਈ ਉਪਲਬਧ ਨਹੀਂ ਹੋ ਜਾਂ ਤੁਸੀਂ ਆਪਣੀ ਸੁਣਵਾਈ ਲਈ ਤਿਆਰ ਨਹੀਂ ਹੋ, ਤਾਂ ਤੁਸੀਂ IRB ਵੈੱਬਸਾਈਟ 'ਤੇ ਫਾਰਮ ਦੀ ਵਰਤੋਂ ਕਰਕੇ ਮਿਤੀ ਅਤੇ ਸਮਾਂ ਬਦਲਣ ਲਈ ਅਰਜ਼ੀ ਦੇ ਸਕਦੇ ਹੋ। RPD ਸਿਰਫ਼ ਵਿਸ਼ੇਸ਼ ਹਾਲਾਤਾਂ ਵਿੱਚ ਸੁਣਵਾਈ ਦੀ ਮਿਤੀ ਅਤੇ ਸਮਾਂ ਬਦਲਣ ਦੀ ਬੇਨਤੀ ਸਵੀਕਾਰ ਕਰੇਗੀ। |

ਆਪਣੇ ਅਰਜ਼ੀ ਫਾਰਮ 'ਤੇ, ਤੁਹਾਡੇ ਲਈ ਇਹ ਦੱਸਣਾ ਜ਼ਰੂਰੀ ਹੈ ਕਿ ਤੁਸੀਂ ਆਪਣੀ ਸੁਣਵਾਈ ਦੀ ਮਿਤੀ ਜਾਂ ਸਮਾਂ ਕਿਉਂ ਬਦਲਣਾ ਚਾਹੁੰਦੇ ਹੋ।

ਆਪਣੀ ਅਰਜ਼ੀ ਨੂੰ ਜਿੰਨੀ ਜਲਦੀ ਸੰਭਵ ਹੋ ਸਕੇ ਅਤੇ ਆਪਣੀ ਸੁਣਵਾਈ ਤੋਂ ਤਿੰਨ ਕੰਮਕਾਜੀ ਦਿਨ ਪਹਿਲਾਂ ਤੱਕ ਜਮ੍ਹਾਂ ਕਰਾਉਣਾ ਮਹੱਤਵਪੂਰਨ ਹੈ, ਜਦੋਂ ਤੱਕ ਤੁਹਾਡੀ ਬੇਨਤੀ ਕਿਸੇ ਡਾਕਟਰੀ ਕਾਰਨ ਜਾਂ ਹੋਰ ਐਮਰਜੈਂਸੀ ਕਾਰਨ ਨਾ ਹੋਵੇ।

ਜੇਕਰ ਤੁਹਾਡੇ ਕੋਲ ਮਦਦ ਕਰਨ ਲਈ ਕੋਈ ਵਕੀਲ ਨਹੀਂ ਹੈ ਜਾਂ ਤੁਹਾਡੇ ਕੋਲ ਅਰਜ਼ੀ ਫਾਰਮ ਲੱਭਣ ਲਈ ਕੰਪਿਊਟਰ ਤੱਕ ਪਹੁੰਚ ਨਹੀਂ ਹੈ, ਤਾਂ ਤੁਸੀਂ RPD ਨੂੰ ਇਹ ਦੱਸਦੇ ਹੋਏ ਇੱਕ ਪੱਤਰ ਲਿਖ ਸਕਦੇ ਹੋ ਕਿ ਤੁਹਾਨੂੰ ਆਪਣੀ ਸੁਣਵਾਈ ਦੀ ਮਿਤੀ ਜਾਂ ਸਮਾਂ ਬਦਲਣ ਦੀ ਲੋੜ ਕਿਉਂ ਹੈ। RPD ਦਾ ਇੱਕ ਮੈਂਬਰ ਤੁਹਾਡੀ ਵਿਆਖਿਆ ਦੀ ਸਮੀਖਿਆ ਕਰੇਗਾ, ਫਿਰ ਤੁਹਾਡੀ ਅਰਜ਼ੀ 'ਤੇ ਫੈਸਲਾ ਲਵੇਗਾ।

RPD ਤੁਹਾਨੂੰ ਆਪਣਾ ਫੈਸਲਾ ਦੱਸੇਗੀ।

ਜੇਕਰ RPD ਤੁਹਾਡੀ ਅਰਜ਼ੀ ਨੂੰ ਅਸਵੀਕਾਰ ਕਰਦੀ ਹੈ, ਤਾਂ ਤੁਹਾਨੂੰ ਆਪਣੀ ਸੁਣਵਾਈ ਦੀ ਮਿਤੀ ਅਤੇ ਸਮੇਂ 'ਤੇ ਅੱਗੇ ਵਧਣ ਲਈ ਤਿਆਰ ਹੋਣਾ ਚਾਹੀਦਾ ਹੈ।

ਜੇਕਰ ਤੁਹਾਨੂੰ ਕੋਈ ਜਵਾਬ ਨਹੀਂ ਮਿਲਦਾ, ਤਾਂ ਤੁਹਾਨੂੰ ਆਪਣੀ ਸੁਣਵਾਈ 'ਤੇ ਹਾਜ਼ਰ ਹੋਣਾ ਚਾਹੀਦਾ ਹੈ ਅਤੇ ਅੱਗੇ ਵਧਣ ਲਈ ਤਿਆਰ ਹੋਣਾ ਚਾਹੀਦਾ ਹੈ। ਫਿਰ ਮੈਂਬਰ ਤੁਹਾਡੀ ਅਰਜ਼ੀ 'ਤੇ ਫੈਸਲਾ ਕਰੇਗਾ।

**ਵਾਚਕ:** ਅਸੀਂ ਹਮੇਸ਼ਾ ਰਫ਼ਿਊਜੀ ਦਾਅਵੇ ਦੀਆਂ ਕਾਰਜਵਿਧੀਆਂ ਨੂੰ ਦਾਅਵੇਦਾਰਾਂ ਲਈ ਵਧੇਰੇ ਕੁਸ਼ਲ ਬਣਾਉਣ ਦੀ ਕੋਸ਼ਿਸ਼ ਕਰਦੇ ਰਹਿੰਦੇ ਹਾਂ।

ਨਵੀਨਤਮ ਜਾਣਕਾਰੀ ਪ੍ਰਾਪਤ ਕਰਨ ਲਈ ਜਾਂ ਸਾਨੂੰ ਕੋਈ ਸਵਾਲ ਪੁੱਛਣ ਲਈ, ਤੁਸੀਂ ਹਮੇਸ਼ਾ ਸਾਡੇ ਖੇਤਰੀ ਦਫ਼ਤਰਾਂ ਵਿੱਚੋਂ ਕਿਸੇ ਨੂੰ ਕਾਲ ਕਰ ਸਕਦੇ ਹੋ ਜਾਂ ਲਿਖ ਸਕਦੇ ਹੋ।

ਯਾਦ ਰੱਖੋ ਕਿ ਅਸੀਂ ਤੁਹਾਡੇ ਖਾਸ ਰਫ਼ਿਊਜੀ ਦਾਅਵੇ ਬਾਰੇ ਸਲਾਹ ਨਹੀਂ ਦੇ ਸਕਦੇ, ਪਰ ਅਸੀਂ ਵੱਖ-ਵੱਖ ਪ੍ਰਕਿਰਿਆਵਾਂ ਅਤੇ ਕਾਰਜਵਿਧੀਆਂ ਨੂੰ ਸਮਝਾਉਣ ਵਿੱਚ ਮਦਦ ਕਰ ਸਕਦੇ ਹਾਂ ਅਤੇ ਤੁਹਾਨੂੰ IRB ਵੈੱਬਸਾਈਟ 'ਤੇ ਉਪਲਬਧ ਸੰਬੰਧਿਤ ਸਰੋਤਾਂ ਵੱਲ ਨਿਰਦੇਸ਼ਿਤ ਕਰ ਸਕਦੇ ਹਾਂ।

**ਵਾਚਕ:** ਰਫ਼ਿਊਜੀ ਦਾਅਵੇ ਦੀ ਪ੍ਰਕਿਰਿਆ ਬਾਰੇ ਨਵੀਨਤਮ ਜਾਣਕਾਰੀ ਲਈ, IRB ਦੀ ਵੈੱਬਸਾਈਟ 'ਤੇ ਜਾਓ ਜਾਂ

| |
|---|
| ਆਮ ਪੁੱਛਗਿੱਛ ਲਈ ਸਾਡੇ ਟੋਲ ਫ੍ਰੀ ਨੰਬਰ 1-833-931-5121 'ਤੇ ਕਾਲ ਕਰੋ। |
| **ਵਾਚਕ:** ਤੁਸੀਂ ਸਾਡੇ, *ਸਾਡੇ ਨਾਲ ਸੰਪਰਕ ਕਰੋ* ਪੰਨੇ 'ਤੇ ਜਾਣ ਲਈ ਸਕ੍ਰੀਨ 'ਤੇ QR ਕੋਡ ਨੂੰ ਸਕੈਨ ਵੀ ਕਰ ਸਕਦੇ ਹੋ, ਜਿੱਥੇ ਤੁਹਾਨੂੰ ਦਸਤਾਵੇਜ਼ ਕਿੱਥੇ ਜਮ੍ਹਾਂ ਕਰਨੇ ਹਨ ਅਤੇ ਜੇਕਰ ਤੁਹਾਡੇ ਕੋਈ ਸਵਾਲ ਹਨ ਤਾਂ ਸਾਡੇ ਨਾਲ ਕਿਵੇਂ ਸੰਪਰਕ ਕਰਨਾ ਹੈ ਬਾਰੇ ਜਾਣਕਾਰੀ ਮਿਲੇਗੀ। |